# MyCARE

ਹਰ ਕਦਮ, ਮੇਰੇ ਨਾਲ



“ਇਨਸੁਲਿਨ ਸੁਰੱਖਿਅਤ ਰੱਖਣ ਲਈ ਆਓ ਕੁਝ ਉਪਯੋਗੀ ਨੁਸਖ਼ੇ ਸਿਖੀਏ”

ਇਨਸੁਲਿਨ ਵਰਤਣ ਤੋਂ ਪਹਿਲਾਂ ਉਸ ਦੀ **ਮਿਆਦ ਖ਼ਤਮ ਹੋਣ ਦੀ ਮਿਤੀ ਜਾਂਚ ਲਓ,** ਅਤੇ ਮਿਆਦ ਖ਼ਤਮ ਹੋਣ ਦੀ ਮਿਤੀ ਤੋਂ ਬਾਅਦ ਕਿਸੇ ਵੀ ਇਨਸੁਲਿਨ ਦੀ **ਵਰਤੋਂ ਨਾ ਕਰੋ।**



ਸੀਲਬੰਦ ਵਾਇਲ/ਪੈੱਨ/ਕਾਟ੍ਰਿਜ

# 2° - 8° C ਦਰਮਿਆਨ ਰੈਫ਼੍ਰਿਜਰੇਟਰ ਵਿੱਚ ਰੱਖੋ।




**ਫ੍ਰੀਜ਼ਰ**– 2°C ਤੋਂ ਘੱਟ ਤਾਪਮਾਨ ਤੇ ਨਾ ਰੱਖੋ

**ਵਿਚਕਾਰਲਾ ਖਾਨਾ** – ਇਨਸੁਲਿਨ ਰੱਖਣ ਲਈ ਸਹੀ ਥਾਂ

**ਵੈਜੀਟੇਬਲ ਟ੍ਰੇ** – 8°C ਤੋਂ ਵੱਧ ਤਾਪਮਾਨ ਤੇ ਨਾ ਰੱਖੋ

ਸਿੱਧੀ ਧੁੱਪ/ਕਾਰ ਗਲੱਵ
ਕੰਪਾਰਟਮੈਂਟ (ਬੇਹੱਦ ਗਰਮੀ)
ਜਾਂ ਫ਼੍ਰੀਜ਼ਰ (ਬੇਹੱਦ ਠੰਢ)
ਵਿੱਚ **ਇਨਸੁਲਿਨ ਨਾ ਰੱਖੋ।**




# ਇਨਸੁਲਿਨ ਕਦੇ ਵੀ ਫ੍ਰੀਜ਼ਰ ਵਿੱਚ ਨਾ ਰੱਖੋ।

ਗਲਤੀ ਨਾਲ ਫ੍ਰੀਜ਼ ਹੋ ਜਾਵੇ,
ਤਾਂ ਇਨਸੁਲਿਨ ਨੂੰ ਨਸ਼ਟ ਕਰ ਦਿਓ।



ਨਿਰਮਾਤਾ ਦੁਆਰਾ
ਸਾਂਭ-ਸੰਭਾਲ ਲਈ ਦਿੱਤੀਆਂ ਗਈਆਂ
ਖ਼ਾਸ ਹਿਦਾਇਤਾਂ ਉੱਤੇ
**ਚੰਗੀ ਤਰ੍ਹਾਂ ਅਮਲ ਕਰਨਾ ਚਾਹੀਦਾ ਹੈ।**




## ਵਾਇਲ/ਪੈੱਨ ਇਕ ਵਾਰੀ ਖੋਲ੍ਹ ਲਿਆ ਤਾਂ ਆਮ ਤਾਪਮਾਨ (<30 C) ਤੇ ਰੱਖੋ।

ਆਮ ਤਾਪਮਾਨ ਤੇ ਇਹਦੀ
ਸੈਲਫ਼ ਲਾਈਫ਼ ਤਕਰੀਬਨ 4 ਹਫ਼ਤੇ ਹੋਵੇਗੀ।





ਵਾਇਲ/ਪੈੱਨ ਉੱਤੇ ਤੁਸੀਂ ਇਹਨੂੰ ਨਸ਼ਟ ਕਰਨ ਦੀ
ਮਿਤੀ ਲਿਖ ਸਕਦੇ ਹੋ।


ਜੇ ਰੈਫ਼੍ਰਿਜਰੇਟਰ ਨਾ ਹੋਵੇ
ਜਾਂ ਬਿਜਲੀ ਖ਼ਰਾਬ ਹੋਵੇ,
**ਤਾਂ ਇਨਸੁਲਿਨ ਠੰਢੀ, ਹਵਾਦਾਰ**
**ਅਤੇ ਹਨੇਰੀ ਜਗ੍ਹਾ ਤੇ ਰੱਖੋ,**
ਜਿੱਥੇ ਧੁੱਪ ਸਿੱਧੀ ਨਾ ਪੈਂਦੀ ਹੋਵੇ।



ਇਨਸੁਲਿਨ ਨੂੰ ਰਿਸਣ ਤੋਂ ਬਚਾਉਣ ਲਈ
ਹਰ ਵਰਤੋਂ ਤੋਂ ਬਾਅਦ ਪੈੱਨ ਵਿੱਚੋਂ
**ਸੂਈ ਕੱਢ ਦਿਓ।**



ਸਫ਼ਰ ਕਰਨ ਵੇਲੇ
ਜੇ ਤਾਪਮਾਨ 30°C. ਤੋਂ ਵੱਧ
ਹੋਣ ਦੀ ਸੰਭਾਵਨਾ ਹੋਵੇ,
ਤਾਂ **ਇਨਸੁਲਿਨ ਵਾਇਲ/ਪੈੱਨ ਨੂੰ ਰੈਫ਼੍ਰਿਜਰੇਟੇਡ ਕੂਲੰਟ ਜੈਲ ਪੈਕ ਵਾਲੇ ਪਾਉਚ ਵਿੱਚ** ਜਾਂ ਬਰਫ਼ ਦੀ ਠੰਢੀ
ਥਰਮੋਫਲਾਸਕਸ ਵਿੱਚ **ਰੱਖੋ।**



ਹਵਾਈ ਸਫ਼ਰ ਦੌਰਾਨ,
ਜ਼ਿਆਦਾ ਗਰਮੀ ਤੋਂ ਬਚਾਉਣ ਲਈ,
**ਇਨਸੁਲਿਨ ਨੂੰ ਚੈਕਡ-ਇਨ ਸਾਮਾਨ ਵਿੱਚ ਨਾ ਰੱਖੋ।**




## ਵਾਇਲ ਦੀ ਚੰਗੀ ਤਰ੍ਹਾਂ ਜਾਂਚ ਕਰੋ

ਸਿਰਿੰਜ ਵਿੱਚ ਇਨਸੁਲਿਨ ਲੈਣ ਤੋਂ ਪਹਿਲਾਂ, ਇਹ ਸੁਨਿਸ਼ਚਿਤ ਕਰ ਲਓ ਕਿ ਇਨਸੁਲਿਨ ਠੀਕ ਨਜ਼ਰ ਆ ਰਿਹਾ ਹੈ। ਜੇ ਤੁਹਾਨੂੰ ਇਨਸੁਲਿਨ ਵਿੱਚ ਕੋਈ ਕਣ, ਰਵਾ, ਜਮਾਉ ਜਾਂ ਰੰਗ-ਵਿਗਾੜ ਨਜ਼ਰ ਆਵੇ ਤਾਂ ਇਸ ਨੂੰ ਨਸ਼ਟ ਕਰ ਦਿਓ।




**ਜਾਂਚ ਕਰੋ:**
ਕਣ ਜਾਂ
ਰੰਗ-ਵਿਗਾੜ




**ਜਾਂਚ ਕਰੋ:**
ਜਮਾਉ ਜਾਂ ਰਵੇ ਜਾਂ
ਗੋਲੇ ਜਾਂ ਛੋਟੇ ਕਣ ਹੋਣ।

ਟਿੱਪਣੀ: ਰੈਗੂਲਰ ਇਨਸੁਲਿਨ/ਗਲਾਰਜੀਨ ਸਾਫ਼ ਹੁੰਦਾ ਹੈ ਅਤੇ ਐਨਪੀਐਚ/ਪ੍ਰੀਮਿਕਸ ਇਨਸੁਲਿਨ ਧੁੰਦਲਾ ਹੁੰਦਾ ਹੈ।



“ਚੇਤੇ ਰੱਖੋ,

**ਇਨਸੁਲਿਨ ਦੀ ਸੁਰੱਖਿਅਤ ਸੰਭਾਲ ਬਹੁਤ ਜ਼ਰੂਰੀ ਹੈ,**

ਕਿਉਂਕਿ ਬਹੁਤ ਜ਼ਿਆਦਾ ਗਰਮ ਜਾਂ ਠੰਢੇ ਤਾਪਮਾਨ ਨਾਲ ਇਨਸੁਲਿਨ ਦਾ ਅਸਰ ਘਟ ਸਕਦਾ ਹੈ ਅਤੇ ਇਸ ਦੇ ਕਾਰਜ ਵਿੱਚ ਰੁਕਾਵਟ ਆ ਸਕਦੀ ਹੈ।”

# MyCARE

ਹਰ ਕਦਮ, ਮੇਰੇ ਨਾਲ

## ਸੰਦਰਭ


1. ਇਨਸੁਲਿਨ ਸਟੋਰੇਜ ਐਂਡ ਸਿਰਿੰਜ ਸੇਫਟੀ | ADA. Diabetes.org.(2022). 6 ਜੁਲਾਈ 2022 ਨੂੰ https://www.diabetes.org/healthy-living/medication-treatments/Insulin-other-injectables/Insulin-storage-and-syringe-safety. ਤੋਂ ਰਿਟ੍ਰੀਵ ਕੀਤਾ ਗਿਆ।

2. ਚੌਧਰੀ, ਐਸ., ਅਤੇ ਚਕ੍ਰਬਰਤੀ, ਪੀ.ਪੀ. (2017)। ਐਰਰਜ਼ ਆਫ਼ ਇਨਸੁਲਿਨ ਥੇਰੇਪੀ: ਰੀਅਲ ਲਾਈਫ਼ ਐਕਸਪੀਰੀਐਂਸੇਸ ਫਰਾਮ ਡੈਵਲਪਿੰਗ ਵਰਲਡ/ਜਰਨਲ ਆਫ਼ ਫੈਮਿਲੀ ਮੈਡੀਸਨ ਐਂਡ ਪ੍ਰਾਇਮਰੀ ਕੇਅਰ 6(4), 724- 72, 9. https://doi.org/10.4103/jfmpc.jfmpc_418_16

3. ਟੰਡਨ ਐਨ, ਕਾਲਰਾ ਐਸ, ਬਲਹਾਰਾ ਵਾਈਪੀ, ਬਰੂਆਹ ਐਮਪੀ, ਚੱਢਾ ਐਮ, ਚਾਂਦਲਿਆ ਐਚਬੀ ਅਤੇ ਹੋਰ। ਫੋਰਮ ਫਾਰ ਇੰਜੈਕਸ਼ਨ ਟੈਕਨੀਕ ਐਂਡ ਥੇਰੇਪੀ ਐਕਸਪਰਟ ਰਿਕਮੈਂਡੇਸ਼ਨ, ਇੰਡੀਆ: ਦੀ ਇੰਡੀਅਨ ਰਿਕਮੈਂਡੇਸ਼ਨਜ਼ ਫਾਰ ਬੈਸਟ ਪ੍ਰੈਕਟਿਸ ਇਨ ਇਨਸੁਲਿਨ ਇੰਜੈਕਸ਼ਨ ਟੈਕਨੀਕ, 2017. ਇੰਡੀਅਨ ਜੇ ਐਂਡੋਕ੍ਰ ਮੇਟਾਬ 2017;21:600-17.



**Disclaimer:**
"The guide/presentation/content/literature is for general information, guidance and educational purposes only and is not complete or exhaustive. The guide/ presentation/content/literature is not intended or implied to replace or substitute any current practice and or advice/guidance/diet provided by healthcare professionals. This guide/presentation/content/literature does not constitute any treatment/therapy/medication/diet/opinions for any patients who are on diabetes medication, the patients are required to prior consult their healthcare professional before acting on any change on treatment/therapy/ medication/diet and or opions. USV Private Limited makes no representations as to accuracy, completeness, correctness, suitability or validity of any information contained in this guide/presentation/content/literature and will not be liable for any losses, injuries or damages arising from its use."


ਜਨਹਿਤ ਵਿੱਚ ਜਾਰੀਕਰਤਾ USV